

**ਸਾਡੀਆਂ ਸਭ ਸੇਵਾਵਾਂ ਮੁਫਤ ਅਤੇ ਰਾਜ਼ਦਾਰ ਹੁੰਦੀਆਂ ਹਨ**

**ਕੀ ਤੁਸੀਂ ਘਰੇਲੂ ਹਿੰਸਾ ਤੋਂ ਪੀੜਤ ਹੋ?**

**ਕੀ ਤੁਸੀਂ ਨਫਰਤੀ ਅਪਰਾਧ ਤੋਂ ਪੀੜਤ ਹੋ?**

**ਕੀ ਤੁਸੀਂ ਅਸ਼ਲੀਲ ਹਿੰਸਾ ਤੋਂ ਪੀੜਤ ਹੋ?**

**ਕੀ ਤੁਹਾਡੇ ਸੱਟ-ਫੇਟ ਮਾਰੀ ਗਈ ਜਾਂ ਤੁਹਾਡੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ?**

**ਕੀ ਪੁਲੀਸ ਕੋਲ ਅਪਰਾਧ ਦੀ ਰਿਪੋਰਟ ਕਰਨ ਵਾਸਤੇ ਤਿਆਰ ਨਹੀਂ ਹੋ? - ਵਿਜ਼ੂਅਲ ਐਵੀਡੈਂਸ ਫਾਰ ਵਿਕਟਿਮਜ (ਪੀੜਤਾਂ ਵਾਸਤੇ ਪ੍ਰਤੱਖ ਪ੍ਰਮਾਣ) - (ਵੀ.ਈ.ਵੀ.) - ਸਹਾਇਤਾ ਕਰ ਸਕਦੇ ਹਨ -**

ਹਿੰਸਕ ਅਪਰਾਧ ਤੋਂ ਪੀੜਤ ਲੋਕਾਂ ਵਿਚੋਂ ਬਹੁਤ ਸਾਰੇ ਪੁਲੀਸ ਕੋਲ ਰਿਪੋਰਟ ਨਹੀਂ ਲਿਖਵਾਉਂਦੇ, ਸ਼ਾਇਦ ਕੋਈ ਪੀੜਤ ਆਪਣੀ ਸੱਟ-ਫੇਟ ਦਾ ਵੇਰਵਾ ਕਿਸੇ ਵਲੰਟਰੀ ਸੈਕਟਰ ਏਜੰਸੀ ਕੋਲ ਦਰਜ਼ ਕਰਾਉਣ ਵਾਸਤੇ ਰਜ਼ਾਮੰਦ ਹੋਵੇ। ਵੀ.ਈ.ਵੀ. ਪ੍ਰਾਜੈਕਟ ਲੋਕਾਂ ਨੂੰ ਅਪਰਾਧ ਦਾ ਸਬੂਤ ਵਲੰਟਰੀ ਏਜੰਸੀ ਰਾਹੀਂ ਦਰਜ਼ ਕਰਵਾ ਸਕਣ ਦਾ ਮੌਕਾ ਦੇਣ ਵਾਸਤੇ ਸਥਾਪਤ ਕੀਤਾ ਗਿਆ ਹੈ, ਤਾਂ ਕਿ ਪੀੜਤ ਇਨਸਾਨ ਨੂੰ ਪੁਲੀਸ ਕੋਲ ਜਾਣ ਦੀ ਲੋੜ ਨਾ ਰਹੇ। ਤੁਹਾਡੇ ਇਲਾਕੇ ਵਿਚ ਬਹੁਤ ਸਾਰੀਆਂ ਏਜੰਸੀਆਂ ਵਿਚ ਉਹ ਸਟਾਫ ਮੌਜੂਦ ਹੈ ਜਿਸ ਨੂੰ ਤੁਹਾਡੀਆਂ ਸੱਟਾਂ-ਫੇਟਾਂ ਜਾਂ ਤੁਹਾਡੀ ਪ੍ਰਾਪਰਟੀ ਨੂੰ ਪਹੁੰਚੇ ਨੁਕਸਾਨ ਨੂੰ ਰਿਕਾਰਡ ਕਰਨ ਵਾਸਤੇ ਵੀ.ਈ.ਵੀ. ਪ੍ਰਮਾਣਤ ਕੈਮਰੇ ਵਰਤਣ ਦੀ ਸਿਖਲਾਈ ਮਿਲੀ ਹੋਈ ਹੈ।

- ਸਰੀਰਕ ਸੱਟਾਂ-ਫੇਟਾਂ: ਨੀਲ, ਜ਼ਖਮ, ਰਗੜਾਂ, ਪੁੱਟੇ ਹੋਏ ਵਾਲ ਆਦਿ.
- ਪ੍ਰਾਪਰਟੀ ਦਾ ਨੁਕਸਾਨ: ਖਿੜਕੀਆਂ ਦੀ ਭੰਨ-ਤੋੜ, ਬੂਹਿਆਂ ਨੂੰ ਨੁਕਸਾਨ, ਅਪਮਾਨ ਜਨਕ ਕੰਧ-ਚਿੱਤ੍ਰ (ਗ੍ਰਾਫੀਟੀ) ਆਦਿ।

ਅਸੀਂ ਤਸਵੀਰਾਂ ਰਾਹੀਂ ਸਬੂਤ ਰਿਕਾਰਡ ਕਰ ਸਕਦੇ ਹਾਂ ਤਾਂ ਕਿ ਬਾਅਦ ਵਿਚ ਕਾਰਵਾਈ ਕਰ ਸਕਣ ਵਾਸਤੇ ਤੁਹਾਡੇ ਕੋਲ ਸਬੂਤ ਮੌਜੂਦ ਹੋਵੇ। ਇਸ ਸਬੂਤ ਨੂੰ ਭਵਿੱਖਤ ਵਰਤੋਂ ਵਾਸਤੇ ਸੁਰੱਖਿਅਤ ਅਤੇ ਰਾਜ਼ਦਾਰੀ ਵਿਚ ਰੱਖਿਆ ਜਾਂਦਾ ਹੈ। ਜੇ ਪੀੜਤ ਵਿਅਕਤੀ ਫੈਸਲਾ ਕਰ ਲਵੇ ਕਿ ਉਹ ਕਾਰਵਾਈ ਕਰਨਾ ਚਾਹੁੰਦੇ ਹਨ ਤਾ ਇਹ ਸਬੂਤ ਕ੍ਰਿਮੀਨਲ ਕੋਰਟ ਅਤੇ ਸਿਵਲ ਪ੍ਰੋਸੀਡਿੰਗਜ ਵਿਚ ਵਰਤਿਆ ਜਾ ਸਕਦਾ ਹੈ। ਜਾਂ ਫਿਰ ਇਸ ਨੂੰ ਫਾਈਲ ਵਿਚ (ਵੱਧ ਤੋਂ ਵੱਧ 6 ਸਾਲ ਵਾਸਤੇ) ਰੱਖਿਆ ਜਾ ਸਕਦਾ ਹੈ, ਜਾਂ ਤੁਸੀਂ ਇਨ੍ਹਾਂ ਤਸਵੀਰਾਂ ਨੂੰ ਨਸ਼ਟ ਕਰਨ ਦੀ ਚੋਣ ਕਰ ਸਕਦੇ ਹੋ। ਤੁਸੀਂ ਕੀ ਕਰਨਾ ਚਾਹੁੰਦੇ ਹੋ ਸਬੰਧੀ ਫੈਸਲਾ ਕਰਨ ਵਾਸਤੇ ਤੁਸੀਂ ਸਹਾਇਤਾ ਅਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਤੁਹਾਨੂੰ ਸਬੂਤ ਰਿਕਾਰਡ ਕਰਾਉਣ ਵਾਸਤੇ ਕਦੇ ਵੀ ਮਜਬੂਰ ਨਹੀਂ ਕੀਤਾ ਜਾਵੇਗਾ – ਅਸੀਂ ਸਿਰਫ ਤੁਹਾਡੀ ਰਜ਼ਾਮੰਦੀ ਨਾਲ ਹੀ ਤਸਵੀਰਾਂ ਲਵਾਂਗੇ। ਅਸੀਂ ਸਭ ਪੀੜਤਾਂ ਨਾਲ ਸਮਝਦਾਰੀ ਅਤੇ ਸਨਮਾਨ ਭਰਪੂਰ ਵਿਹਾਰ ਕਰਦੇ ਹਾਂ। ਤੁਹਾਡੀ ਸੱਟ-ਫੇਟ ਬਹੁਤ ਨਾਜ਼ੁਕ ਭਾਵਨਾ ਵਾਲੀ ਹੋਣ ਸਬੰਧੀ ਅਸੀਂ ਸਮਝਦਾਰੀ ਅਤੇ ਸੰਵੇਦਨਸ਼ੀਲਤਾ ਵਰਤਾਂਗੇ। ਵੀ.ਈ.ਵੀ. ਏਜੰਸੀਆਂ ਕਿਸੇ ਹੋਰ ਨੂੰ ਨਹੀਂ ਦੱਸਣਗੀਆਂ ਕਿ ਸਾਡੇ ਕੋਲ ਤੁਹਾਡੀਆਂ ਤਸਵੀਰਾਂ ਹਨ। ਜੇ ਤੁਸੀਂ ਅਪਰਾਧ ਦੀ ਰਿਪੋਰਟ ਪੁਲੀਸ ਕੋਲ ਕਰ ਚੁੱਕੇ ਹੋ ਤਾਂ ਫਿਰ ਤੁਹਾਨੂੰ ਵੀ.ਈ.ਵੀ. ਸੇਵਾਵਾਂ ਵਰਤਣ ਦੀ ਲੋੜ ਨਹੀਂ ਹੈ। ਵੈਸਟ ਮਿਡਲੈਂਡਜ ਵਿਚ ਵੀ.ਈ.ਵੀ. ਸੇਵਾਵਾਂ ਪ੍ਰਦਾਨ ਕਰਨ ਵਾਲੀਆਂ 34 ਏਜੰਸੀਆਂ ਹਨ, ਵਧੇਰੇ ਜਾਣਕਾਰੀ ਵਾਸਤੇ ਵਿਕਟਿਮ ਸੁਪੋਰਟ ਨਾਲ **0121 544 4336** ਤੇ ਸੰਪਰਕ ਕਰੋ ਜੀ।

*ਇਹ ਪ੍ਰਾਜੈਕਟ ਵਿਕਟਿਮ ਸੁਪੋਰਟ ਵਲੋਂ ਮੈਨੇਜ ਕੀਤਾ ਜਾਂਦਾ ਹੈ, ਵਧੇਰੇ ਜਾਣਕਾਰੀ ਵਾਸਤੇ* ***ਲੂਸੀ ਜੋਰਜ*** *ਨਾਲ ਸੰਪਰਕ ਕਰੋ ਜੀ -* ***0121 543 1722***

ਲੀਫਲੈਟ ਦੇਣ ਵਾਲੇ ਦਾ ਨਾਮ:

(Leaflet given out by)

Victim Support West Midlands
Helping people cope with crime

(VEV leaflet – Punjabi Translation, Oct 2007)